Office Order

Annexure-67

# ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ

ਵਾਤਾਵਰਣ ਭਵਨ, ਨਾਭਾ ਰੋਡ, ਪਟਿਆਲਾ।

ਨੰਬਰ:(ਹੈ:ਕੁ-1)/ਐਨ.ਡੀ.ਏ.-ਔਡ-60/2010/ 485

ਮਿਤੀ: 23.7.10

## ਦਫ਼ਤਰੀ ਹੁਕਮ

ਵਿਸ਼ਾ: *ਪੰਜਾਬ ਰਾਜ ਵਿੱਚ ਨਾਨ-ਡੈਜ਼ੀਗਨੇਟਡ ਏਰੀਆ ਵਿੱਚ ਲੱਗੀਆਂ ਹੋਈਆਂ ਫੈਕਟਰੀਆਂ ਨੂੰ ਵਾਟਰ (ਪ੍ਰੀਵੈਨਸ਼ਨ ਅਤੇ ਕੰਟਰੋਲ ਆਫ ਪੋਲੂਸ਼ਨ) ਐਕਟ, 1974 ਅਤੇ ਏਅਰ (ਪ੍ਰੀਵੈਨਸ਼ਨ ਅਤੇ ਕੰਟਰੋਲ ਆਫ ਪੋਲੂਸ਼ਨ) ਐਕਟ, 1981 ਅਧੀਨ ਬੋਰਡ ਦੀ ਪਾਲਿਸੀ ਅਨੁਸਾਰ ਗਰਾਂਟ ਕੀਤੀਆਂ ਕੰਨਸੈਂਟ ਟੂ ਅਪਰੇਟ ਦੀ ਮਿਆਦ ਵਿੱਚ ਵਾਧਾ ਕਰਨ ਸਬੰਧੀ।*

ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵਲੋਂ ਆਪਣੀ 148ਵੀਂ ਮੀਟਿੰਗ ਜੋ ਮਿਤੀ 23-06-2010 ਨੂੰ ਹੋਈ, ਦੀ ਆਈਟਮ ਨੰਬਰ 148.17 ਅਨੁਸਾਰ ਪੰਜਾਬ ਰਾਜ ਵਿੱਚ ਨੌਨ-ਡੈਜ਼ੀਗਨੇਟਡ ਏਰੀਆ ਵਿੱਚ ਖੋਲ ਰਖੀਆਂ ਫੈਕਟਰੀਆਂ ਨੂੰ ਵਾਟਰ (ਪ੍ਰੀਵੈਨਸ਼ਨ ਅਤੇ ਕੰਟਰੋਲ ਆਫ ਪੋਲੂਸ਼ਨ) ਐਕਟ, 1974 ਅਤੇ ਏਅਰ (ਪ੍ਰੀਵੈਨਸ਼ਨ ਅਤੇ ਕੰਟਰੋਲ ਆਫ ਪੋਲੂਸ਼ਨ) ਐਕਟ,1981 ਅਧੀਨ ਬੋਰਡ ਵਲੋਂ ਕਨਸੈਂਟਾਂ ਗਰਾਂਟ ਕਰਨ ਸਬੰਧੀ ਹੇਠ ਲਿਖੇ ਅਨੁਸਾਰ ਫੈਸਲਾ ਲਿਆ ਗਿਆ:-

1. ਉਹ ਸ਼ਹਿਰ ਜਿਨ੍ਹਾਂ ਦਾ ਮਾਸਟਰ ਪਲੈਨ ਫਾਈਨਲ ਹੋ ਗਿਆ ਹੈ, ਦੇ ਨਾਨ ਡੈਜ਼ੀਗਨੇਟਿਡ ਏਰੀਏ ਵਿੱਚ ਲੱਗੀਆਂ ਫੈਕਟਰੀਆਂ ਦੇ ਵਾਟਰ (ਪ੍ਰੀਵੈਨਸ਼ਨ ਅਤੇ ਕੰਟਰੋਲ ਆਫ ਪੋਲੂਸ਼ਨ) ਐਕਟ, 1974 ਅਤੇ ਏਅਰ (ਪ੍ਰੀਵੈਨਸ਼ਨ ਅਤੇ ਕੰਟਰੋਲ ਆਫ ਪੋਲੂਸ਼ਨ) ਐਕਟ,1981 ਦੇ ਅਧੀਨ ਕੰਨਸੈਂਟ ਕੇਸ ਮੈਰਿਟ ਦੇ ਅਧਾਰ ਤੇ ਵੱਧ ਤੋਂ ਵੱਧ ਅਨਐਕਸਪਾਇਰਡ ਉਸ ਸਮੇਂ ਤਕ ਦੀ ਗਰਾਂਟ ਕੀਤੇ ਜਾਣਗੇ ਜੋ ਕਿ ਇਨਾਂ ਫੈਕਟਰੀਆਂ ਨੂੰ ਮਾਸਟਰ ਪਲੈਨ ਵਿੱਚ (ਸ਼ਿਫਟ ਕਰਨ ਲਈ) ਦਿੱਤਾ ਗਿਆ ਹੈ ਜਾਂ ਉਹ ਬੋਰਡ ਦੀ ਰੈਡ/ਓਰੇਂਜ/ਗਰੀਨ ਕੈਟਾਗਿਰੀ ਦੀਆਂ ਵੱਡੀ/ਦਰਮਿਆਨੀ/ਛੋਟੇ ਪੱਧਰ ਦੀ ਫੈਕਟਰੀਆਂ ਲਈ ਪਾਲੀਸੀ ਮੁਤਾਬਕ ਹੋਵੇ, ਜੋ ਵੀ ਸਮਾਂ ਪਹਿਲਾਂ ਖਤਮ ਹੁੰਦਾ ਹੋਵੇ। ਇਸ ਦੇ ਨਾਲ-ਨਾਲ ਇਹਨਾਂ ਫੈਕਟਰੀਆਂ ਨੇ ਢੁੱਕਵੇਂ ਜਲ-ਸੋਧਕ ਯੰਤਰ ਅਤੇ/ਜਾਂ ਹਵਾ ਸੋਧਕ ਯੰਤਰ ਸਮੇਤ ਸ਼ੋਰ ਪ੍ਰਦੂਸ਼ਣ ਰੋਕਥਾਮ ਯੰਤਰ ਲਾਏ ਹੋਣ ਅਤੇ ਉਹ ਮਿੱਥੇ ਹੋਏ ਸਟੈਂਡਰਡਾਂ ਦੀ ਪਾਲਣਾ ਕਰਦੇ ਹੋਣ।

2. ਉਹ ਸ਼ਹਿਰ ਜਿਨ੍ਹਾਂ ਦਾ ਮਾਸਟਰ ਪਲੈਨ ਫਾਈਨਲ ਨਹੀਂ ਹੋਇਆ, ਹੈ, ਦੇ ਨਾਨ ਡੈਜ਼ੀਗਨੇਟਿਡ ਏਰੀਏ ਵਿੱਚ ਲੱਗੀਆਂ ਫੈਕਟਰੀਆਂ ਦੇ ਵਾਟਰ (ਪ੍ਰੀਵੈਨਸ਼ਨ ਅਤੇ ਕੰਟਰੋਲ ਆਫ ਪੋਲੂਸ਼ਨ) ਐਕਟ, 1974 ਅਤੇ ਏਅਰ (ਪ੍ਰੀਵੈਨਸ਼ਨ ਅਤੇ ਕੰਟਰੋਲ ਆਫ ਪੋਲੂਸ਼ਨ) ਐਕਟ,1981 ਦੇ ਅਧੀਨ ਕੰਨਸੈਂਟ ਕੇਸ ਮੈਰਿਟ ਦੇ ਅਧਾਰ ਤੇ ਬੋਰਡ ਦੀ ਜਨਰਲ ਪਾਲਿਸੀ (ਸਹਿਮਤੀ ਦੇ ਸਮੇਂ) ਨੂੰ ਮੁੱਖ ਰੱਖਦੇ ਹੋਏ ਸਹਿਮਤੀ ਲਈ ਗਰਾਂਟ ਕੀਤੇ ਜਾਣਗੇ। ਬਸ਼ਰਤੇ ਇਹਨਾਂ ਫੈਕਟਰੀਆਂ ਨੇ ਢੁੱਕਵੇਂ ਜਲ-ਸੋਧਕ ਯੰਤਰ ਅਤੇ/ਜਾਂ ਹਵਾ ਸੋਧਕ ਯੰਤਰ ਸਮੇਤ ਸ਼ੋਰ ਪ੍ਰਦੂਸ਼ਣ ਰੋਕਥਾਮ ਯੰਤਰ ਲਾਏ ਹੋਣ ਅਤੇ ਉਹ ਮਿੱਥੇ ਹੋਏ ਸਟੈਂਡਰਡਾਂ ਦੀ ਪਾਲਣਾ ਕਰਦੇ ਹੋਣ। ਇਨ੍ਹਾਂ ਫੈਕਟਰੀਆਂ ਦੇ ਸਮੇਂ ਵਿੱਚ ਵਾਧਾ ਇਨਾਂ ਫੈਕਟਰੀਆਂ ਨੂੰ ਸ਼ਿਫਟ ਕਰਵਾਉਣ ਲਈ ਰਾਜ ਸਰਕਾਰ ਦੀਆਂ ਕੋਈ ਵੀ ਹਦਾਇਤਾਂ/ਪਾਲੀਸੀਆਂ/ਫੈਸਲਿਆਂ ਦੇ ਮੁਤਾਬਿਕ ਹੋਵੇਗਾ।

ਇਹ ਸਾਰੇ ਕੰਨਸੈਂਟ ਕੇਸਾਂ ਤੇ ਉਹੀ ਅਥਾਰਟੀਆਂ ਫੈਸਲਾ ਦੇਣਗੀਆਂ ਜੋ ਕਿ ਡੈਜ਼ੀਗਨੇਟਿਡ ਏਰੀਏ ਵਿੱਚ ਇਹੋ ਜਿਹੇ ਕੇਸਾਂ ਤੇ ਸਮੇਂ-ਸਮੇਂ ਸਿਰ ਬੋਰਡ ਦੁਆਰਾ ਦਿੱਤੀਆਂ ਗਈਆਂ ਪਾਵਰਾਂ ਮੁਤਾਬਿਕ ਫੈਸਲਾ ਦੇਣ ਦੇ ਸਮਰੱਥ ਹਨ।

-ਸਹੀ/-
ਚੇਅਰਮੈਨ



deskPDF Studio Trial

Office Order

ਪਿੱਠ ਅੰਕਣ ਨੰਬਰ:(ਹੈ:ਕੁ-1)/ਐਨ.ਡੀ.ਏ.-ਐਫ-60/2010/ 33253-86 ਮਿਤੀ: 23.7.10

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੈਂਬਰ ਸੱਕਤਰ-ਕਮ-ਮੁੱਖ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।
2. ਮੁੱਖ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਮੁੱਖ ਦਫਤਰ, ਪਟਿਆਲਾ।
3. ਸੀਨੀਅਰ ਵਾਤਾਵਰਣ ਇੰਜੀਨੀਅਰ (ਹੈਡ ਕੁਆਟਰ-1 ਤੇ 2)/ਟੀ.ਪੀ.ਐਸ.ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਮੁੱਖ ਦਫਤਰ, ਪਟਿਆਲਾ।
4. ਸੀਨੀਅਰ ਵਾਤਾਵਰਣ ਇੰਜੀਨੀਅਰ, ਜ਼ੋਨਲ ਦਫਤਰ-1/2, ਪਟਿਆਲਾ/ ਜਲੰਧਰ/ਅਮ੍ਰਿਤਸਰ/ ਲੁਧਿਆਣਾ-1 ਅਤੇ 2, ਬਠਿੰਡਾ।
5. ਵਧੀਕ ਸੱਕਤਰ (ਜਨਰਲ ਅਤੇ ਪਲਾਨਿੰਗ), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਨੋਡਲ ਦਫਤਰ, ਮੋਹਾਲੀ।
6. ਸੀਨੀਅਰ ਵਿਗਿਆਨਕ ਅਫਸਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।
7. ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ, ਪਟਿਆਲਾ/ਲੁਧਿਆਣਾ-1/2/3/4,ਜਲੰਧਰ/ਅਮ੍ਰਿਤਸਰ/ਹੁਸ਼ਿਆਰਪੁਰ/ਸੰਗਰੂਰ/ਬਠਿੰਡਾ/ਫਰੀਦਕੋਟ/ਫਤਿਹਗੜ੍ਹ ਸਾਹਿਬ/ਮੋਹਾਲੀ।
8. ਡਿਪਟੀ ਡਾਇਰੈਕਟਰ (ਲੋਕ ਸੰਪਰਕ), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।
9. ਉਪ ਕੰਟਰੋਲਰ (ਵਿੱਤ ਤੇ ਲੇਖਾ), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।
10. ਸਹਾਇਕ ਪ੍ਰਬੰਧਕੀ ਅਫਸਰ/ਕਾਨੂੰਨੀ ਅਫਸਰ/ਪੀ.ਏ.ਟੂ ਚੇਅਰਮੈਨ/ਪੀ.ਏ.ਟੂ ਮੈਂਬਰ ਸੱਕਤਰ ... ਸੁਪਰਡੰਟ (ਜਨਰਲ), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।

ਮੈਂਬਰ ਸੱਕਤਰ

deskPDF Studio Trial